# Direct cargo ferry service between India and Maldives starts today ( Another milestone in the comprehensive bilateral relations between India and Maldives: Shri Mandaviya )

September 21, 2020

---

## ਭਾਰਤ ਅਤੇ ਮਾਲਦੀਵ ਵਿਚਾਲੇ ਸਿੱਧੀ ਕਾਰਗੋ ਬੇੜੀ ਸੇਵਾ ਹੋਵੇਗੀ ਅੱਜ ਸ਼ੁਰੂ (ਭਾਰਤ ਅਤੇ ਮਾਲਦੀਵ ਦੇ ਵਿਆਪਕ ਦੁਵੱਲੇ ਸੰਬੰਧਾਂ ਵਿਚ ਇਕ ਹੋਰ ਮੀਲ ਪੱਥਰ: ਸ਼੍ਰੀ ਮੰਡਵੀਆ)

21 ਸਤੰਬਰ, 2020

ਜਹਾਜ਼ਰਾਣੀ ਰਾਜ ਮੰਤਰੀ (ਸੁਤੰਤਰ ਚਾਰਜ) ਸ਼੍ਰੀ ਮਨਸੁਖ ਮੰਡਵੀਆ ਅਤੇ ਮਾਲਦੀਵ ਦੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀਮਤੀ ਐਸ਼ਾਥ ਨਾਹੁਲਾ ਨੇ ਅੱਜ ਸਾਂਝੇ ਤੌਰ ’ਤੇ ਭਾਰਤ ਅਤੇ ਮਾਲਦੀਵ ਵਿਚਾਲੇ ਸਿੱਧੀ ਕਾਰਗੋ ਬੇੜੀ ਸੇਵਾ ਵਰਚੁਅਲ ਮਾਧਿਅਮ ਰਾਹੀਂ ਸ਼ੁਰੂ ਕੀਤੀ।

ਇਸ ਸੇਵਾ ਦੀ ਪਹਿਲੀ ਫੇਰੀ ਦੌਰਾਨ 200 TEU ਦੀ ਸਮਰਥਾ ਵਾਲਾ ਸਮੁੰਦਰੀ ਜਹਾਜ਼ 3000 MT ਦਾ ਬ੍ਰੇਕ ਬਲਕ ਕਾਰਗੋ ਲੈਕੇ ਅੱਜ ਤੁਤੀਕੋਰਨ ਤੋਂ ਕੋਚੀ ਲਈ ਰਵਾਨਾ ਹੋਵੇਗਾ, ਜਿਸ ਤੋਂ ਬਾਅਦ ਇਹ ਉੱਤਰੀ ਮਾਲਦੀਵਜ਼ ਦੀ ਕੁਲਹੁਦੂਫੁਸ਼ੀ ਬੰਦਰਗਾਹ ਅਤੇ ਇਸ ਤੋਂ ਬਾਅਦ ਮਾਲੇ ਬੰਦਰਗਾਹ ਵੱਲ ਜਾਵੇਗਾ। ਇਸਦਾ 26 ਸਤੰਬਰ, 2020 ਨੂੰ ਕੁਲਹੁਦੁਫੁਸ਼ੀ ਅਤੇ 29 ਸਤੰਬਰ, 2020 ਨੂੰ ਮਾਲੇ ਵਿਖੇ ਪੁੱਜਣਾ ਤੈਅ ਕੀਤਾ ਗਿਆ ਹੈ। ਭਾਰਤੀ ਸਿਪਿੰਗ ਕਾਰਪੋਰੇਸ਼ਨ ਦੁਆਰਾ ਸੰਚਾਲਤ ਕੀਤੀ ਜਾ ਰਹੀ ਇਹ ਬੇੜੀ ਸੇਵਾ ਹਰ ਮਹੀਨੇ ਦੋ ਵਾਰ ਚੱਲੇਗੀ ਅਤੇ ਇਸ ਨਾਲ ਭਾਰਤ ਅਤੇ ਮਾਲਦੀਵ ਵਿਚਕਾਰ ਮਾਲ ਦੀ ਆਵਾਜਾਈ ਲਈ ਸਸਤਾ, ਸਿੱਧਾ ਅਤੇ ਬਦਲਵਾਂ ਤਰੀਕਾ ਮਿਲੇਗਾ।

ਇਸ ਮੌਕੇ ਆਪਣੇ ਸੰਬੋਧਨ ਵਿਚ ਜਹਾਜ਼ਰਾਣੀ ਰਾਜ ਮੰਤਰੀ (ਸੁਤੰਤਰ ਚਾਰਜ) ਸ਼੍ਰੀ ਮੰਡਵੀਆ ਨੇ ਕਿਹਾ ਕਿ ਇਹ ਸੇਵਾ ਭਾਰਤ ਅਤੇ ਮਾਲਦੀਵ ਦੇ ਵਿਆਪਕ ਦੁਵੱਲੇ ਸੰਬੰਧਾਂ ਵਿਚ ਇਕ ਹੋਰ ਮੀਲ ਪੱਥਰ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸਿੱਧੀ ਕਾਰਗੋ ਸੇਵਾ ਨਾਲ ਲੋਕਾਂ ਦੇ ਪੱਧਰ ਦੇ ਸੰਪਰਕ ਵਧਣਗੇ ਅਤੇ ਦੁਵੱਲੇ ਵਪਾਰ ਨੂੰ ਉਤਸ਼ਾਹ ਮਿਲੇਗਾ, ਜਿਸ ਨਾਲ ਭਾਰਤ ਅਤੇ ਮਾਲਦੀਵ ਦੇ ਨੇੜਲੇ ਸਬੰਧ ਹੋਰ ਮਜ਼ਬੂਤ ਹੋਣਗੇ।

ਮਾਲਦੀਵ ਦੀ ਆਵਾਜਾਈ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀਮਤੀ ਐਸ਼ਾਥ ਨਾਹੁਲਾ ਨੇ ਭਾਰਤ ਅਤੇ ਮਾਲਦੀਵ ਵਿਚਾਲੇ ਦੋਸਤੀ ਅਤੇ ਭਾਊਵਾਲੀ ਦੇ ਨੇੜਲੇ ਸੰਬੰਧਾਂ ਦੇ ਪ੍ਰਤੀਕ ਵਜੋਂ ਇਸ ਸੇਵਾ ਦੀ ਸ਼ੁਰੂਆਤ ਦੀ ਡੂੰਘੀ ਸ਼ਲਾਘਾ ਕੀਤੀ।

ਇਹ ਸੇਵਾ ਸ਼ੁਰੂ ਹੋਣ ਨਾਲ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੁਆਰਾ ਪਿਛਲੇ ਸਾਲ ਜੂਨ ਵਿੱਚ ਮਾਲਦੀਵ ਦੀ ਆਪਣੀ ਫੇਰੀ ਦੌਰਾਨ ਕੀਤਾ ਗਿਆ ਵਾਅਦਾ ਅਤੇ 13 ਅਗਸਤ, 2020 ਨੂੰ ਮਾਲਦੀਵੀ ਵਿਦੇਸ਼ ਮੰਤਰੀ ਨਾਲ ਆਪਣੀ ਵਰਚੁਅਲ ਮੁਲਾਕਾਤ ਦੌਰਾਨ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਵੱਲੋਂ ਕੀਤਾ ਗਿਆ ਐਲਾਨ ਪੂਰਾ ਹੋ ਗਿਆ ਹੈ।

ਇਸ ਮੌਕੇ ਜਹਾਜ਼ਰਾਣੀ ਮੰਤਰਾਲੇ ਅਤੇ ਭਾਰਤੀ ਵਿਦੇਸ਼ ਮੰਤਰਾਲੇ ਦੇ ਸੀਨੀਅਰ ਅਧਿਕਾਰੀ ਅਤੇ ਮਾਲਦੀਵ ਦੇ ਅਧਿਕਾਰੀ ਵੀ ਮੌਜੂਦ ਸਨ।

ਨਵੀਂ ਦਿੱਲੀ
21 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.